
# ਸ਼ਮਸ਼ਾਨੋਂ ਚੀਕਾਂ

ਕਹਾਣੀ

ਸਿਮਰਨ ਲੁਧਿਆਣਵੀ



www.PunjabiLibrary.com

# ਸ਼ਮਸ਼ਾਨੋਂ ਚੀਕਾਂ

## ਲੇਖਕ-ਸਿਮਰਨ ਲੁਧਿਆਣਵੀ

ਗੱਲ ਕੋਈ ਬਹੁਤੀ ਪੁਰਾਣੀ ਨਹੀਂ। ਹਲੇ ਦੋ ਦਿਨ ਹੀ ਹੋਏ ਸਨ ਮਿੰਦੇ ਨੂੰ ਵਿਆਹਿਆਂ। ਚੰਗਾ-ਭਲਾ ਵਿਆਹ ਕੀਤਾ, ਬਰਾਤ ਪੂਰੀ ਸੱਜ-ਧੱਜ ਕੇ ਗਈ ਸੀ ਕੁੜੀ ਵਾਲਿਆਂ ਦੇ ਪਿੰਡ। ਕੁੜੀ ਵਾਲਿਆਂ ਨੇ ਵੀ ਫਿਰ ਅੱਗੋਂ ਬਰਾਤ ਦੀ ਪੂਰੀ ਲਾਜ ਰੱਖੀ। ਖਾਣ ਨੂੰ ਖੁੱਲ੍ਹਾ, ਪੀਣ ਨੂੰ ਖੁੱਲ੍ਹਾ। ਖਾਣ-ਪੀਣ ਦੀ ਇੰਨੀ ਵੰਨਗੀ ਸੀ ਕਿ ਲੋਕਾਂ ਤੋਂ ਤਾਂ ਨਾਂ ਵੀ ਨਹੀਂ ਸਨ ਗਿਣੇ ਜਾਂਦੇ। ਆਪਣੀ ਸਮਰੱਥਾ ਤੋਂ ਤਾਂ ਵੱਧ ਦਾ ਹੀ ਕਰ ਗਏ ਸਨ ਕੁੜੀ ਵਾਲੇ।

ਬਰਾਤ ਆਪਣੀ ਮਹਿਮਾਨ ਨਵਾਜ਼ੀ ਤੋਂ ਪੂਰੀ ਖੁਸ਼ ਹੋ ਕੇ ਪਿੰਡ ਦੀ ਨੂੰਹ ਨੂੰ ਨਾਲ ਲੈ ਕੇ ਗਈ ਸੀ। ਮਿੰਦੇ ਤੋਂ ਵੀ ਆਪਣੇ ਵਿਆਹ ਦਾ ਚਾਅ ਚੱਕਿਆ ਨਹੀਂ ਸੀ ਜਾ ਰਿਹਾ। ਲੋਕ ਖੜ੍ਹ-੨ ਗੱਲਾਂ ਕਰਦੇ ਸਨ ਕਿ ਮਿੰਦੇ ਦੇ ਤਾਂ ਦੋਵੇਂ ਹੱਥਾਂ ਵਿੱਚ ਲੱਡੂ ਨੇ। ਇੱਕ ਤਾਂ ਉਹਦੀ ਵਹੁਟੀ ਨਿਰੀ 'ਪਰੀ' ਤੇ ਦੂਜਾ ਉਹ 'ਖਜ਼ਾਨਾ', ਜੋ ਇਹ ਪਰੀ ਦਾਜ ਦੇ ਰੂਪ 'ਚ ਆਪਣੇ ਨਾਲ ਲਿਆਈ ਸੀ।

ਦੋ ਦਿਨ ਤਾਂ ਪਿੰਡ 'ਚ ਵੀ ਕਾਫੀ ਚਹਿਲ-ਪਹਿਲ ਰਹੀ। ਮਿੰਦੇ ਦੇ ਘਰ ਵੀ ਵਧਾਈਆਂ ਤੇ ਮਠਿਆਈਆਂ ਦਾ ਹੜ੍ਹ ਆਇਆ ਰਿਹਾ। ਪ੍ਰਾਹੁਣਿਆਂ-

ਰਿਸ਼ਤੇਦਾਰਾਂ ਨੇ ਮਿੰਦੇ ਦੇ ਘਰੇ ਪੂਰੀ ਰੌਣਕ ਲਾਈ ਰੱਖੀ। ਮਿੰਦੇ ਦੀ ਮਾਂ ਦੇ ਤਾਂ ਪੈਰ ਹੀ ਭੁੰਜੇ ਨਹੀਂ ਸੀ ਲੱਗ ਰਹੇ।

ਪਰ ਦੋ ਦਿਨ ਮਗਰੋਂ ਨਜ਼ਾਰਾ ਯੱਕਦਮ ਹੀ ਬਦਲ ਗਿਆ। ਜਿਸ ਘਰ ਵਿੱਚ ਹਾਸੀਆਂ-ਖੇਡੀਆਂ ਕਰਦਿਆਂ ਦੀ ਆਵਾਜ਼ ਗੂੰਜਦੀ ਰਹੀ ਸੀ, ਹੁਣ ਓਸੇ ਘਰ ਵਿੱਚ ਤ੍ਰੀਮਤਾਂ ਦੇ ਦਿਲ ਕੰਬਾਊ ਵੈਣ ਸੱਤ ਗੁਆਂਢ ਵਿੱਚ ਵੀ ਸੁਣਨ ਲੱਗ ਪਏ ਸਨ। ਮਿੰਦਾ ਤਾਂ ਜਿਵੇਂ ਆਪਣੀ ਸੁੱਧ-ਬੁੱਧ ਹੀ ਗੁਆਚ ਬੈਠਾ ਸੀ। ਪਿੰਡ ਦੀਆਂ ਵਡੇਰੀ ਉਮਰ ਦੀਆਂ ਔਰਤਾਂ, ਜੋ ਸੋਗ ਮਨਾਉਣ ਲਈ 'ਕੱਠੀਆਂ ਹੋਈਆਂ ਸਨ, ਕਦੇ ਮਿੰਦੇ ਵੱਲ ਹੋ ਜਾਂਦੀਆਂ ਤੇ ਕਦੇ ਮਿੰਦੇ ਦੀ ਮਾਂ ਵੱਲ।

ਉਹਨਾਂ ਵਿੱਚੋਂ ਹੀ ਕੁੱਝ ਤ੍ਰੀਮਤਾਂ, ਮਿੰਦੇ ਨੂੰ ਆਖ਼ ਰਹੀਆਂ ਸਨ," ਵੇ....ਵੇ ਰੋਂਦਾ ਕਿਉਂ ਨਹੀਂ....ਕਿਉਂ ਆਪਣੀ ਜਿੰਦ ਤਪਾਉਣ ਤੇ ਤੁਲਿਆ... ਜਾਣ ਵਾਲੀ ਤਾਂ ਤੁਰ ਗਈ ਹੁਣ... ਤੂੰ ਕਿਉਂ ਆਪਣੀ ਜਾਨ ਦਾ ਦੁਸ਼ਮਣ ਬਣਿਆਂ ਬੈਠਾਂ... ਵੇ ਕੇਰ ਲੈ ਕੇਰਾਂ ਹੰਝੂ....ਹੋਰ ਨਹੀਂ ਤਾਂ ਆਪਣੇ ਬੁੱਢੜਿਆਂ ਦਾ ਹੀ ਵਿਸਾਹ ਕਰ ਲੈ ਵੇ... ਵੇ ਤੇਰੀ ਬੁੱਢੜੀ ਮਾਈ...ਤੇਰਾ ਬੁੱਢੜਾ ਪਿਓ... ਵੇ ਕੌਣ ਸੰਭਾਲੂ ਉਹਨਾਂ ਨੂੰ.... ਪੁੱਤ ਵੇ...ਵੇ...ਰੋ ਲੈ.....!"

ਪਰ ਮਿੰਦਾ ਤਾਂ ਜਿਵੇਂ ਕੋਈ ਪੱਥਰ ਦੀ ਮੂਰਤ ਹੀ ਬਣ ਬੈਠਾ ਸੀ। "ਤਾਈ... ਤੈਂ ਕਦੇ ਪੱਥਰ ਨੂੰ ਰੋਂਦਿਆਂ ਵੇਖਿਐ.... ਨਾਲੇ ਕੌਣ ਕਹਿੰਦਾ ਮੇਰੀ ਨਿੰਮੋ ਮਰ ਗਈ... ਉਹ ਤਾਂ ਜੀਉਂਦੀ ਐ...ਮੇਰੇ ਦਿਲ ਵਿੱਚ....ਏਦਾਂ ਕਿੱਦਾਂ ਮਰ ਗਈ ਉਹ....!"

ਮਸੀਂ ਮਿੰਦੇ ਨੇ ਦੋ ਬੋਲ ਆਪਣੇ ਮੂੰਹੋਂ ਕੱਢੇ ਸਨ। ਫੇਰ ਪਤਾ ਨਹੀਂ ਰੱਬ ਜਾਣੇ ਉਹਨੂੰ ਕੀ ਹੋਇਆ, ਜਮਾਂ ਹੀ ਸ਼ੁਦਾਈਆਂ ਵਰਗਾ ਹੋ ਗਿਆ। "ਨਾ ਕੀ ਤਮਾਸ਼ਾ ਲਾਇਆ ਇਹ... ਬੇਬੇ... ਬੇਬੇ...."

ਮਿੰਦੇ ਦੀ ਮਾਂ ਉਸਨੂੰ ਸੰਭਾਲਣ ਲਈ ਉੱਠ ਖਲੋਤੀ। "ਪੁੱਤ... ਵੇ ਪੁੱਤ... ਆਹ ਦੇ ਤਾਂ ਤੇਰੀ ਬੇਬੇ... ਹਾਂ ਦੱਸ...ਦੱਸ ਮੈਨੂੰ ਕੀ ਹੋਇਆ...."

"ਬੇਬੇ, ਆਹ ਟੈਂਟ ਜਿਹਾ ਕੀ ਗੱਡਿਆ ਪਿਆ ਆਪਣੇ ਘਰੇ... ਨਾਲੇ ਇਹ ਇੰਨੇ ਸਾਰੇ ਲੋਕ ਕਿਉਂ ਆਏ ਨੇ... ਦੱਸ ਨਾ ਬੇਬੇ... ਕੀ ਹੋਇਆ...."

ਲੋਕਾਂ ਭਾਣੇ ਮਿੰਦੇ ਨੂੰ ਆਪਣੀ ਵਹੁਟੀ ਦੇ ਮਰਨ ਦਾ ਅਜਿਹਾ ਸਦਮਾ ਲੱਗਿਆ ਕਿ ਉਹ ਆਪਣੀ ਯਾਦਾਸ਼ਤ ਤੱਕ ਭੁੱਲ ਗਿਆ। ਉਸਦੀਆਂ ਗੱਲਾਂ ਕਿਸੇ ਪੰਜ ਸਾਲਾਂ ਦੇ ਜੁਆਕ ਜਿਹੀਆਂ ਹੋ ਗਈਆਂ ਤੇ ਇੰਨੀ ਕੁ ਹੀ ਹੋ ਗਈ ਉਸਦੀ ਸੋਚ ਤੇ ਸਮਰੱਥਾ।

ਪਿੰਡ ਵਾਲਿਆਂ ਲਈ ਮਿੰਦੇ ਦਾ ਇਹ ਬਰਤਾਵ ਕੋਈ ਓਪਰੀ ਸ਼ੈਅ ਮੱਥੇ ਲੱਗਣਾ ਸੀ। ਉਸਦੇ ਇਸ ਹਾਲ ਨੂੰ ਵੇਖ ਕੇ ਕਈ ਕਹਿ ਰਹੇ ਸਨ ਕਿ ਮਿੰਦੇ ਦਾ ਦਿਮਾਗ਼ ਹਿੱਲ ਗਿਐ, ਜੋ ਇਹੋ ਜਿਹੀਆਂ ਬੇਤੁਕੀਆਂ ਜਿਹੀਆਂ ਗੱਲਾਂ ਕਰਨ ਡਿਹੈ ਤੇ ਕਈ ਤਾਂ ਉਸਦੇ ਇਸ ਬਰਤਾਵ ਨੂੰ ਨਿੰਮੋ ਦੀ ਰੂਹ ਦਾ ਕਾਰਾ ਹੀ ਮੰਨਣ ਲੱਗ ਪਏ ਸਨ। ਅਖੇ "ਰੂਹ ਦੀ ਗਤੀ ਨਹੀਂ ਹੋਈ... ਇੱਥੇ ਹੀ ਭਟਕਦੀ ਪਈ ਜੇ...."

ਲੋਕ ਵੀ ਕਮਲੇ, ਉਸ ਦਿਨ ਤੋਂ ਇਹੀ ਮੰਨਣ ਲੱਗ ਪਏ ਕਿ ਮਿੰਦੇ ਤੇ ਤਾਂ ਉਸਦੀ ਵਹੁਟੀ ਦਾ ਸਾਇਆ ਐ। ਉਹ ਜੋ ਕਹਿੰਦੀ ਐ , ਮਿੰਦਾ ਓਹੀ ਕਰਦੇ। ਹੌਲੀ-੨ ਲੋਕਾਂ ਨੇ ਮਿੰਦੇ ਦੇ ਘਰ ਜਾਣਾ ਵੀ ਛੱਡ ਦਿੱਤਾ। ਲੋਕਾਂ ਭਾਣੇ ਮਿੰਦੇ ਦੇ ਘਰ ਬਦਰੂਹਾਂ ਦਾ ਵਾਸ ਹੋ ਗਿਆ ਸੀ।

ਸੰਸਕਾਰ ਮਗਰੋਂ ਹੁਣ ਪਿੰਡ ਦੇ ਲੋਕ ਸੱਥਾਂ ਵਿੱਚ ਬਹਿ ਕੇ ਇਸੇ ਵਿਸ਼ੇ ਤੇ ਗੱਲਾਂ ਕਰਦੇ ਮਿਲਦੇ। ਕੋਈ ਦਸਾਂ ਕੁ ਦਿਨਾਂ ਮਗਰੋਂ ਜਦ ਪਿੰਡ ਦੇ ਬੋਹੜ ਥੱਲ੍ਹੇ ਸੱਥ ਸਜੀ, ਤਾਂ ਭਜਨਾ ਦੂਰੋਂ ਹੀ ਸਭਨੂੰ ਸਤਿ ਸ੍ਰੀ ਅਕਾਲ ਬੁਲਾਉਂਦਾ ਹੋਇਆ ਲੰਙ ਮਾਰਦਾ ਤੁਰਿਆ ਆਵੇ। "ਮਖਾਂ ਸਾਸਰੀਕਾਲ ਜੀ ਸਾਰਿਆਂ ਨੂੰ..."

"ਓਏ ਆ ਓਏ ਭਜਨਿਆ... ਅੱਜ ਬੜੇ ਦਿਨਾਂ ਬਾਅਦ ਦਰਸ਼ਨ ਦਿੱਤੇ... ਕੀ ਗੱਲ... ਸੁੱਖ ਤਾਂ ਐ...." ਸੱਥ 'ਚ ਬੈਠੇ ਨਛੱਤਰ ਸਿੰਘ ਨੇ ਪੁੱਛਿਆ।

"ਓ ਹਾਂ ਭਾਈ.... ਮੇਰੀ ਤਾਂ ਸੁੱਖ ਐ....ਪਰ ਆਹ ਮਿੰਦੇ ਨੂੰ ਕੀ ਹੋਇਆ....? ਸੁਣਿਐ ਓਹਦੀ ਵਹੁਟੀ ਚਲਾਣਾ ਕਰ ਗਈ..." ਭਜਨੇ ਨੇ ਲੱਤ ਸਿੱਧੀ ਕਰਦਿਆਂ ਸੱਥ ਵਿੱਚ ਰਲ਼ਦੇ ਨੇ ਆਖਿਆ।

"ਕੀ ਦੱਸੀਏ ਭਰਾਵਾ.....ਓਹਦੇ ਆਲੀ ਤਾਂ ਬਾਹਲੀਓ ਮਾੜੀ ਹੋਈ...ਹਲੇ ਦੋ ਦਿਨ ਨਹੀਂ ਹੋਏ ਸੀ ਵਿਆਹ ਨੂੰ...ਕੀ ਪਤੈ ਲੱਗਦੈ...." ਅਲਤੂ ਬੋਲਿਆ।

"ਓਏ ਤੂੰ ਚੁੱਪ ਕਰ... ਮੈਂ ਦੱਸਦਾਂ... ਗੱਲ ਭਈ ਏਦਾਂ ਹੋਈ ਕਿ ਭਰਜਾਈ ਗਈ ਸੀ ਸਾਗ ਤੋੜ੍ਹਨ...ਹੁਣ ਅੱਗੋਂ ਭਰਜਾਈ ਭਈ ਸਾਡੀ ਭੋਲੀ...ਉਹਨੂੰ ਕੀ ਪਤਾ

ਸੀ ਵੀ ਕਿਹੜੇ ਖੇਤੋਂ ਸਾਗ ਲਿਆਉਣੇ.... ਉਹ ਭਈ ਤੁਰ ਗਈ ਪਰਲੇ ਵੰਨੀਂ...ਉੱਧਰ ਸ਼ਮਸ਼ਾਨਾਂ ਵੰਨੀਂ...ਭਈ ਫੇਰ ਤਾਂ ਪਤਾ ਨਹੀਂ ਕੀ ਹੋਇਆ, ਕੀ ਨਹੀਂ... ਸਾਨੂੰ ਤਾਂ ਮੁੜ ਕੇ ਓਦੋਂ ਪਤਾ ਲੱਗਾ ਜਦ ਮਿੰਦੇ ਘਰ ਵੈਣ ਪੈਣ ਲੱਗੇ...." ਸੀਖੂ ਨੇ ਗੱਲ ਮੁਕਾਈ।

ਭਜਨਾ ਕੰਨ ਲਾਈਂ ਉਹਦੀਆਂ ਗੱਲਾਂ ਸੁਣਦਾ ਰਿਹਾ। "ਅੱਛਾ....ਤਾਂ ਇਹ ਗੱਲ ਐ....।" ਇੱਕ ਲੰਮਾ ਸਾਹ ਲੈ ਕੇ ਉਹ ਮੁੜ ਤੋਂ ਆਖਣ ਲੱਗਾ,"ਪਰ ਵਈ ਇੱਕ ਗੱਲ ਮੇਰੀ ਸਮਝ 'ਚ ਨਹੀਂ ਆਈ ਕਿ ਭਰਜਾਈ ਨੂੰ ਜਾਂਦੇ ਨੂੰ ਕਿਸੇ ਨੇ ਤਾਂ ਵੇਖਿਆ ਹੋਣੈ... ਫੇਰ ਕੀ ਕਿਸੇ ਨੇ ਉਹਨੂੰ ਰੋਕਿਆ-ਟੋਕਿਆ ਵੀ ਨਹੀਂ...?"

"ਕੀ ਪਤਾ ਭਜਨਿਆ.... ਨਾਲੇ ਅਸੀਂ ਕਿਹੜਾ ਆਪ ਵੇਖਿਐ...ਆਹ ਬੁੜ੍ਹੀਆਂ-ਤੀਵੀਆਂ ਦੇ ਮੂੰਹੋਂ ਹੀ ਸੁਣਿਐ...." ਨਛੱਤਰ ਸਿੰਘ ਨੇ ਵਿਚਲੀ ਗੱਲ ਦੱਸੀ।

ਗੱਲ ਕੀ, ਜਿੰਨੇ ਮੂੰਹ ਓਨੀਆਂ ਗੱਲਾਂ। ਸੱਥ 'ਚ ਬੈਠੇ ਮਰਦ ਆਪਣੀ ਮਾਲਾ ਜਪਦੇ ਰਹੇ ਤੇ ਗਲੀ 'ਚ ਖੜੀਆਂ ਤ੍ਰੀਮਤਾਂ ਆਪਣਾ ਹੀ ਅਵੱਲਾ ਰਾਗ ਅਲਾਪਦੀਆਂ ਰਹੀਆਂ। ਜਦਕਿ ਅਸਲ ਗੱਲ ਦਾ ਪਤਾ ਕਿਸੇ ਨੂੰ ਵੀ ਨਹੀਂ ਸੀ।

"ਵਾ'ਗੁਰੂ... ਵਾ'ਗੁਰੂ... ਵੇਖ ਲੈ ਭੈਣੇ....ਕੀ ਜ਼ਮਾਨਾ ਆ ਗਿਐ... ਪਤਾ ਨਹੀਂ ਕੀ ਟੂਣਾ ਕਰ ਕੇ ਲਿਆਈ ਸੀ ਨਾਲ....ਆਪ ਤਾਂ ਜੈ ਵੱਢਣੀ ਮਰ-ਖੱਪ ਗਈ...ਨਾਲੇ ਰੋੜ੍ਹ ਕੇ ਲੈ ਗਈ ਸਾਰਾ ਟੱਬਰ..." ਤੇਜ ਕੌਰ ਦੀਆਂ ਗੱਲਾਂ ਕੋਲ ਖੜੀਆਂ ਤ੍ਰੀਮਤਾਂ ਦੇ ਸੀਨੇ ਕਿਸੇ ਤੇਜ਼ ਬਰਛੇ ਵਾਂਗ ਛੇਦ ਕਰਦੀਆਂ ਗਈਆਂ।

"ਨੀਂ ਭੈਣੇ... ਆਹ ਕਿਹੋ ਜਿਹੀਆਂ ਗੱਲਾਂ ਕਰਨ ਡਹੀ ਏਂ...ਭਲਾ ਇਸ ਸਭ ਵਿੱਚ ਉਸ ਨਿਮਾਣੀ ਦਾ ਕੀ ਕਸੂਰ...ਦੋਸ਼ ਓਹਦਾ ਨਹੀਂ... ਦੋਸ਼ ਤਾਂ ਓਹਦੀ ਹੋਣੀ ਦਾ ਏ...." ਬੰਤੋ ਨੇ ਮਰ ਚੁੱਕੀ ਨਿੰਮੋ ਦਾ ਪੱਖ ਪੂਰਿਆ।

"ਕੀ ਪਤਾ ਭਾਈ... ਕਸੂਰ ਹੋਣੀ ਦਾ ਕਿ ਕੀਹਦੈ..." ਤੇਜ ਕੌਰ ਨੇ ਮੂੰਹ ਜਿਹਾ ਵੱਟਦਿਆਂ ਕਿਹਾ।

"ਕਿਹਾ ਹੱਸਦਾ-ਵੱਸਦਾ ਪਰਿਵਾਰ ਸੀ ਮਿੰਦੇ ਹੁਰਾਂ ਦਾ...! ਪਲੋ-ਪਲੀ ਸਭ ਢਹਿ-ਢੇਰੀ ਹੋ ਗਿਆ...ਪਤਾ ਨਹੀਂ, ਹੁਣ ਅੱਗੋਂ ਕੀ ਹੋਊ...ਭਲਾ ਰੱਬ ਦੀ ਲਿਖੀਆਂ ਕੌਣ ਮਿਟਾ ਸਕਦਾ..." ਜਰਨੈਲੀ ਨੇ ਜਿਵੇਂ ਭਾਣਾ ਮੰਨਣ ਲਈ ਸਭਨੂੰ ਆਖ ਛੱਡਿਆ ਹੋਵੇ। ਇਸਤੋਂ ਛੁੱਟ ਉਸਦੇ ਇਸ ਤਰ੍ਹਾਂ ਕਹਿਣ ਦਾ ਮਕਸਦ ਕੋਲ ਖੜੀਆਂ ਤ੍ਰੀਮਤਾਂ ਨੂੰ ਇਸ਼ਾਰੇ ਨਾਲ ਚੁੱਪ ਕਰਾਉਣਾ ਵੀ ਸੀ।

ਦੋ ਦਿਨ ਮਗਰੋਂ....

ਰਾਤ ਦੇ ਤੀਜੇ ਪਹਿਰ ਮਿੰਦਾ ਚੋਰੀ-ਛਿਪੇ ਘਰੋਂ ਸ਼ਮਸ਼ਾਨਾਂ ਵੱਲ ਨੂੰ ਤੁਰ ਪਿਆ। ਦਿਮਾਗ਼ੀ ਹਾਲਤ ਦਰੁਸਤ ਨਾ ਹੋਣ ਦੇ ਬਾਵਜੂਦ ਵੀ ਉਸਦੇ ਘਰ ਕੋਈ ਐਸਾ ਨਾ ਸੀ, ਜੋ ਉਸਦੀ ਗ਼ੌਰ ਕਰਦਾ। ਸਭ ਆਪੇ ਵਿੱਚ ਹੀ ਗੁਆਚੇ। ਆਪਣੇ ਆਪ ਵਿੱਚ ਮਸਤ। ਮਾਂ-ਬਾਪ ਨੂੰ ਨੂੰਹ ਦੇ ਮਰਨ ਦਾ ਅੰਤਾਂ ਦਾ ਦੁੱਖ ਸੀ ਤੇ ਆਪਣੇ ਪੁੱਤਰ ਦੇ ਸ਼ੁਦਾਈ ਹੋਣ ਦਾ ਝੋਰਾ ਅੱਡ। ਉਹਨਾਂ ਦਾ ਦੁੱਖ ਕਿਸੇ ਨੇ ਵੰਡਾਇਆਂ ਘਟਣ ਵਾਲਾ ਨਹੀਂ, ਸਗੋਂ ਮੁੜ-੨ ਗੱਲ ਛੇੜਣ ਤੇ ਜ਼ਖ਼ਮਾਂ ਤੇ ਲੂਣ ਭੁੱਕਣ ਜਿਹਾ

ਸੀ। ਇਸੇ ਕਰਕੇ ਉਹ ਬਹੁਤਾ ਕਿਸੇ ਨਾਲ ਆਪਣੇ ਦੁੱਖ-ਦਰਦ ਦੀ ਸਾਂਝ ਨਹੀਂ ਸਨ ਪਾਉਂਦੇ।

ਪਰ ਘਰ ਦੇ ਹੋਰ ਮੈਂਬਰ ਜਿਹਾ ਕਿ ਮਿੰਦੇ ਦਾ ਵੱਡਾ ਭਰਾ ਤੇ ਭਰਜਾਈ, ਉਹ ਖ਼ੌਰੇ ਕਿਉਂ ਮਿੰਦੇ ਦੇ ਪ੍ਰਤੀ ਆਪਣੀ ਬਣਦੀ ਜ਼ਿੰਮੇਵਾਰੀ ਅਦਾ ਨਹੀਂ ਸਨ ਕਰ ਰਹੇ। ਇਹ ਗੱਲ ਜਿੰਨੀ ਹੈਰਾਨੀ ਵਾਲੀ ਸੀ, ਉਸਤੋਂ ਵੀ ਕਿਤੇ ਵੱਧ ਸ਼ਰਮਨਾਕ ਸੀ। ਕਿਉਂਜੋ ਮਿੰਦੇ ਨੇ ਛੋਟੇ ਹੁੰਦੇ ਹੋਇਆਂ ਵੀ ਆਪਣੇ ਭਰਾ ਦੀ ਹਰ ਲੋੜ-ਥੋੜ੍ਹ ਵੇਲੇ ਮਦਦ ਕੀਤੀ ਸੀ। ਭਰਜਾਈ ਆਪਣੀ ਨੂੰ ਵੀ ਉਹਨੇ ਕਦੇ ਬੋਲ-ਕੁਬੋਲ ਨਹੀਂ ਸੀ ਬੋਲਿਆ। ਸਗੋਂ ਉਹਦੇ ਲਈ ਤਾਂ ਜਿਹੋ ਜਿਹੀ ਉਹਦੀ ਮਾਂ ਸੀ, ਤਿਹੀ ਸੀ ਉਹਦੀ ਭਰਜਾਈ। ਪਰ ਮਿੰਦੇ ਨਾਲ ਵਾਪਰੀ ਹੋਣੀ ਮਗਰੋਂ ਨਾ ਤਾਂ ਉਹਦੇ ਭਰਾ ਤੇ ਨਾ ਹੀ ਉਹਦੀ ਭਰਜਾਈ ਨੇ, ਮਿੰਦੇ ਨੂੰ ਰੋਣ ਲਈ ਮੋਢਾ ਹੀ ਦਿੱਤਾ, ਸਗੋਂ ਉਸ ਨਾਲ ਗ਼ੈਰਾਂ ਤੋਂ ਵੀ ਵੱਧ ਕੇ ਬੇਰੁਖ਼ੀ ਵਰਤੀ।

ਹੁਣ ਜਦ ਰਾਤ ਨੂੰ ਮਿੰਦਾ ਸਮਸ਼ਾਨਾਂ ਵੰਨੀਂ ਤੁਰਿਆ, ਤਾਂ ਉਸਦੇ ਘਰ ਦੇ ਕਿਸੇ ਵੀ ਜੀਅ ਨੂੰ ਉਸਦੇ ਘਰੋਂ ਤੁਰ ਜਾਣ ਦਾ ਪਤਾ ਨਾ ਲੱਗਾ। ਘੂਕ ਸੁੱਤੇ ਪਏ ਘਰ ਦੇ ਜੀਆਂ ਨੂੰ ਵੇਖ, ਮਿੰਦਾ ਖੌਰੇ ਕੀ ਸੋਚ ਕੇ ਘਰੋਂ ਤੁਰ ਪਿਆ।

ਰਾਤ ਆਪਣੇ ਤੀਜੇ ਪਹਿਰ ਦਾ ਖੌਫ਼ਨਾਕ ਚਿਹਰਾ ਵਿਖਾਉਂਦੀ ਰਹੀ। ਪਰ ਮਿੰਦਾ ਸੀ ਕਿ ਡਰਿਆ-ਸਹਿਮਿਆ ਵੀ ਆਪਣੇ ਮੰਜ਼ਿਲ ਵੱਲ ਨੂੰ ਤੁਰਿਆ ਜਾ ਰਿਹਾ ਸੀ। ਕਦੇ ਕਿਸੇ ਕੁੱਤੇ ਦੀ ਭੌਂਕਣ ਦੀ ਆਵਾਜ਼ ਉਸਨੂੰ ਧੁਰ ਅੰਦਰ ਤੀਕ ਹਿਲਾ ਛੱਡਦੀ ਤੇ ਕਦੇ ਗੂੰਗੀ-ਬੋਲੀ ਰਾਤ ਦਾ ਸੰਨਾਟਾ ਉਸਨੂੰ ਖੌਫ਼ਜ਼ਦਾ ਕਰਦਾ

ਜਾਂਦਾ। ਇਸ ਸਭ ਦੇ ਬਾਵਜੂਦ ਵੀ ਉਹ ਆਪਣੇ ਕਿਸੇ ਅਨਜਾਣ ਇਰਾਦੇ ਤੋਂ ਟੱਸ ਤੋਂ ਮੱਸ ਨਹੀਂ ਸੀ ਹੋ ਰਿਹਾ।

ਸਮਸ਼ਾਨਘਾਟ ਪਹੁੰਚਣ ਦੀ ਦੇਰ ਸੀ ਕਿ ਮਿੰਦੇ ਨੂੰ ਕੁੱਝ ਭੁੱਲਿਆ-ਵਿਸਰਿਆ ਯਾਦ ਆਉਣ ਲੱਗਾ। ਸਿਰ ਨੂੰ ਘੁਮੇਰ੍ਹ ਜਿਹੀ ਚੜ੍ਹਦੀ ਗਈ ਤੇ ਪੈਰੀਂ ਡਾਵਾਂ-ਡੋਲ ਹੁੰਦਾ ਮਿੰਦਾ ਥਾਈਂ ਢੇਰੀ ਹੋ ਗਿਆ।

ਅਗਲੀ ਸਵੇਰ.....

"ਹਾਏ ਵੇ....ਵੇ ਕੀ ਹੋ ਗਿਆ ਇਹਨੂੰ....ਮਿੰਦੇ...ਵੇ ਮਿੰਦੇ..." ਬਸੰਤ ਕੌਰ ਨੇ ਘਾਬਰਦਿਆਂ ਚੀਕ-ਚਿਹਾੜਾ ਪਾ ਛੱਡਿਆ।

"ਨ੍ਹੀ ਹੁਣ ਕੀ ਹੋ ਗਿਆ ਤੇਰੇ ਦਿਓਰ ਨੂੰ... ਕੱਲ੍ਹ ਤੱਕ ਤਾਂ ਚੰਗਾ-ਭਲਾ ਸੀ...ਰਾਤੋ-ਰਾਤ ਕੀ ਗੋਲੀ ਵੱਜ ਗਈ ਇਹਨੂੰ..." ਪਿੰਡ ਦੀ ਸਭਤੋਂ ਤੇਜ-ਤਰਾਰ ਤ੍ਰੀਮਤ ਤੇਜ ਕੌਰ, ਭੈੜੀ ਜਿਹੀ ਸ਼ਕਲ ਬਣਾਉਂਦਿਆਂ ਬਸੰਤ ਕੌਰ ਨੂੰ ਪੁੱਛਣ ਲੱਗੀ।

ਪਿੰਡ ਦੇ ਹੋਰ ਵੀ ਕਈ ਬੰਦੇ ਤੇ ਤ੍ਰੀਮਤਾਂ ਘਟਨਾ ਸਥਲ ਤੇ ਤਮਾਸ਼ਬੀਨ ਬਣ ਕੇ ਖੜ੍ਹ ਗਏ। ਇੰਨੇ ਨੂੰ ਕਿਸੇ ਨੇ ਮਿੰਦੇ ਦੀ ਮਾਂ ਨੂੰ ਸੱਦ ਲਿਆਂਦਾ।

"ਵੇ ਕੀ ਹੋ ਗਿਆ ਮੇਰੇ ਪੁੱਤ ਨੂੰ.... ਹਾਏ ਵੇ ਮਿੰਦੇ...." ਮਿੰਦੇ ਦੀ ਮਾਂ ਆਉਂਦਿਆਂ ਹੀ ਦੁਹੱਥੜ੍ਹ ਮਾਰ ਕੇ ਰੋਣ ਲੱਗੀ।

"ਤਾਈ, ਤੂੰ ਕੇਰਾਂ ਇੱਧਰ ਹੋ... ਆਹ ਦੇਖ ਲੈਣਦੇ ਡਾਕਟਰ ਨੂੰ..." ਰਾਜੂ ਨੇ ਮਸੀਂ ਮਿੰਦੇ ਦੀ ਮਾਂ ਨੂੰ ਪਾਸੇ ਕੀਤਾ। ਰਾਜੂ, ਮਿੰਦੇ ਦਾ ਜਿਗਰੀ ਯਾਰ ਹੋਣ ਦੇ ਨਾਤੇ ਉਸਦੀ ਪਰਵਾਹ ਵੀ ਵਧੇਰੇ ਕਰਦਾ ਸੀ। ਮਿੰਦੇ ਨੂੰ ਸ਼ਮਸ਼ਾਨਘਾਟ ਕੋਲ ਬੇਸੁੱਧ ਡਿੱਗਿਆ ਵੇਖ ਉਹ ਫੌਰਨ ਹਸਪਤਾਲ ਤੋਂ ਡਾਕਟਰ ਨੂੰ ਬੁਲਾ ਲਿਆਇਆ ਸੀ।

"ਨਮਜ਼ ਚੱਲਦੀ ਪਈ ਜੇ... " ਡਾਕਟਰ ਨੇ ਸਭਨੂੰ ਹੌਂਸਲਾ ਰੱਖਣ ਲਈ ਆਖਿਆ।

ਉਪਚਾਰ ਆਦਿ ਕਰਨ ਮਗਰੋਂ ਮਿੰਦੇ ਨੂੰ ਘਰ ਲਿਆਂਦਾ ਗਿਆ। ਹੈਰਤ ਦੀ ਗੱਲ ਸੀ ਕਿ ਮਿੰਦੇ ਨੂੰ ਪਿਛਲਾ ਕੁੱਝ ਵੀ ਯਾਦ ਨਹੀਂ ਸੀ। ਇਹ ਵੀ ਨਹੀਂ ਕਿ ਉਹ ਘਰੋਂ ਸ਼ਮਸ਼ਾਨਘਾਟ ਵੰਨੀਂ ਕਦ ਤੁਰਿਆ ਸੀ ਤੇ ਉੱਥੇ ਅੱਪੜਣ ਤੇ ਉਸ ਨਾਲ ਕੀ-੨ ਹੋਇਆ।

ਅਗਲੇ ਤਿੰਨ ਦਿਨ ਮਿੰਦੇ ਨੂੰ ਰਹਿ-੨ ਕੇ ਦੌਰੇ ਪੈਂਦੇ ਰਹੇ। ਉਸਦੇ ਆਪਣੇ ਕਹਿਣ ਮੁਤਾਬਿਕ ਮਿੰਦੇ ਨੂੰ ਕਿਸੇ ਕੁੜੀ ਦੀਆਂ ਚੀਕਾਂ ਸੁਣਦੀਆਂ ਸਨ, ਜਿਹੜੀ ਕਿ ਉਸਨੂੰ ਵਾਰ-੨ ਸ਼ਮਸ਼ਾਨਘਾਟ ਆਉਣ ਲਈ ਬੁਲਾ ਰਹੀ ਸੀ।

"ਭਈ ਮੈਨੂੰ ਤਾਂ ਨਿੰਮੋ ਹੀ ਲੱਗਦੀ ਐ...ਭਲਾ ਹੋਰ ਕੀਹਦੀਆਂ ਚੀਕਾਂ ਸੁਣਦੀਆਂ ਹੋਣੀਆਂ... ਹੋ ਨਾ ਹੋ...ਇਹ ਤਾਂ ਓਹੀ ਐ....." ਭਜਨੇ ਨੇ ਸਜੀ ਸੱਥ ਵਿੱਚ ਹੋ ਰਹੀ ਵਿਚਾਰ-ਚਰਚਾ 'ਚ ਆਖਿਆ।

ਅਗਲੇ ਹੀ ਦਿਨ ਪਿੰਡ ਦੇ ਕੁੱਝ ਲੋਕ ਮਿੰਦੇ ਨੂੰ 'ਟਿੱਲੇ ਆਲੇ ਬਾਬੇ' ਕੋਲ ਲੈ ਗਏ। ਫਿਰ ਤਾਂ ਇੱਕ ਤੋਂ ਬਾਅਦ ਇੱਕ ਬਾਬਾ ਤੇ ਨਿੱਤ-ਨਵਾਂ ਪਾਖੰਡ। ਪਰ ਇਸ ਸਭ ਕਾਸੇ ਨਾਲ ਵੀ ਕੋਈ ਫ਼ਰਕ ਨਾ ਪਿਆ ਤੇ ਮਿੰਦੇ ਨੂੰ ਓਵੇਂ ਹੀ ਕਿਸੇ ਕੁੜੀ ਦੀਆਂ ਚੀਕਾਂ ਸੁਣਦੀਆਂ ਰਹੀਆਂ।

"ਮੈਨੂੰ ਬਚਾ ਲੈ ਮਿੰਦੇ... ਮੈਨੂੰ ਬਚਾ ਲੈ...ਮਿੰਦੇ... ਮਿੰ....ਦ.... ਏ......" ਆਵਾਜ਼ ਉੱਚੀ ਹੁੰਦੀ ਤੇ ਫਿਰ ਦੂਰ ਹੁੰਦੀ ਜਾਂਦੀ।

ਮਿੰਦਾ ਇੱਕ ਅਜੀਬ ਜਿਹੀ ਹੀ ਕਸ਼ਮਕਸ਼ ਵਿੱਚ ਫੱਸਦਾ ਜਾ ਰਿਹਾ ਸੀ। ਹੱਦ ਤਾਂ ਉਦੋਂ ਹੋਈ ਜਦ ਉਹ ਇੱਕ ਵਾਰੀ ਫੇਰ ਤੋਂ ਰਾਤ ਵੇਲੇ ਸ਼ਮਸ਼ਾਨਘਾਟ ਵੰਨੀਂ ਤੁਰ ਪਿਆ।

"ਮਿੰਦੇ... ਮੈਂ ਇੱਥੇ ਹਾਂ ਮਿੰਦੇ... ਮੈਨੂੰ ਬਚਾ ਲੈ...ਬਚਾ ਲੈ ਮੈਨੂੰ ਮਿੰਦੇ... ਮਿੰ...ਦ... ਏ...." ਆਵਾਜ਼ ਇੱਕ ਵੇਰਾਂ ਫੇਰ ਤੋਂ ਦੂਰ ਹੁੰਦੀ ਗਈ ਤੇ ਰਾਤ ਦੇ ਸੰਨਾਟੇ ਵਿੱਚ ਕਿਤੇ ਗੁਆਚ ਗਈ।

"ਹਾਂ... ਮੈਂ... ਮੈਂ ਹੀ ਆਂ ਮਿੰਦਾ.... ਕੌਣ ਐਂ ਤੂੰ.... ਕਿੱਥੇ ਐਂ...." ਮਿੰਦਾ ਬੋਲਦਾ ਗਿਆ। ਪਰ ਉਸਨੂੰ ਕਿੱਧਰੇ ਵੀ ਉਹ ਕੁੜੀ ਨਾ ਦਿਸੀ, ਜਿਸ ਦੀਆਂ ਕਿ ਆਵਾਜ਼ਾਂ ਉਸਨੂੰ ਦਿਨ-ਰਾਤ ਤੰਗ ਕਰ ਰਹੀਆਂ ਸਨ।

"ਆਹ......!" ਮਿੰਦੇ ਦੇ ਸਿਰ ਤੇ ਹੋਏ ਜ਼ੋਰਦਾਰ ਹਮਲੇ ਨੇ ਉਸਨੂੰ ਪਿੱਛੇ ਮੁੜਨ ਤੱਕ ਦਾ ਵੀ ਵਕਤ ਨਾ ਦਿੱਤਾ ਤੇ ਮਿੰਦਾ ਉੱਥੇ ਹੀ ਬੇਹੋਸ਼ ਹੋ ਕੇ ਡਿੱਗ ਗਿਆ।

ਅਗਲੀ ਸਵੇਰ ਪਿੰਡ ਦੇ ਲੋਕਾਂ ਨੂੰ ਜਿਵੇਂ ਹੀ ਪਤਾ ਲੱਗਾ, ਉਹ ਮਿੰਦੇ ਨੂੰ ਹਸਪਤਾਲ ਲਿਜਾਣ ਲਈ ਆਏ। ਮਿੰਦੇ ਦੀ ਹਾਲਤ ਹੁਣ ਖਤਰੇ ਤੋਂ ਬਾਹਰ ਸੀ।

ਹਸਪਤਾਲ ਵਿੱਚ ਉਸ ਰਾਤ ਇੱਕ ਅਜੀਬ ਜਿਹੀ ਘਟਨਾ ਵਾਪਰੀ। ਮਿੰਦੇ ਨੂੰ ਫਿਰ ਤੋਂ ਕਿਸੇ ਕੁੜੀ ਦੀਆਂ ਚੀਕਾਂ ਸੁਣਾਈ ਦਿੱਤੀਆਂ। ਪਰ ਇਸ ਵਾਰ ਇਹ ਕੋਈ ਵਹਿਮ ਨਹੀਂ ਸੀ। ਮਿੰਦੇ ਨੇ ਵੇਖਿਆ ਕਿ ਇਹ ਆਵਾਜ਼ਾਂ ਉਸਦੇ ਨਾਲ ਦੇ ਕਮਰੇ ਵਿੱਚੋਂ ਹੀ ਆ ਰਹੀਆਂ ਨੇ। ਕੁੜੀ 'ਬਚਾਓ-ਬਚਾਓ' ਚਿਲਾ ਰਹੀ ਸੀ। ਪਰ ਉਸਦੀ ਮਦਦ ਲਈ ਉੱਥੇ ਨਾ ਤਾਂ ਕੋਈ ਸੀ ਤੇ ਨਾ ਹੀ ਕੋਈ ਆ ਸਕਦਾ ਸੀ। ਮਿੰਦੇ ਨੇ ਜ਼ਰਾ ਹਿੰਮਤ ਕੀਤੀ ਤੇ ਉੱਠ ਖਲੋਇਆ। ਮਗਰੋਂ ਉਸਨੇ ਜੋ ਵੀ ਨਜ਼ਾਰਾ ਵੇਖਿਆ, ਉਸ ਨਜ਼ਾਰੇ ਨੇ ਮਿੰਦੇ ਨੂੰ ਸਭ ਭੁੱਲਿਆ-ਵਿਸਰਿਆ ਯਾਦ ਕਰਵਾ ਦਿੱਤਾ।

ਲਗਭਗ ਇੱਕ ਮਹੀਨੇ ਪਹਿਲਾਂ....

ਮਿੰਦੇ ਦੀ ਘਰਵਾਲੀ ਨਿੰਮੋ ਨੂੰ ਗੁਰਦੇ ਦੀ ਕਿਸੇ ਸਮੱਸਿਆ ਕਾਰਨ ਹਸਪਤਾਲ ਦਾਖ਼ਲ ਕਰਵਾਇਆ ਗਿਆ ਸੀ। ਮਿੰਦੇ ਜਾਂ ਉਸਦੇ ਪਰਿਵਾਰ ਦੇ ਕਿਸੇ ਵੀ ਮੈਂਬਰ ਨੂੰ ਹਸਪਤਾਲ ਰੁਕਣ ਨਹੀਂ ਸੀ ਦਿੱਤਾ ਜਾ ਰਿਹਾ। ਸਮੱਸਿਆ ਮਾਮੂਲੀ ਸੀ। ਗੁਰਦੇ ਵਿੱਚ ਨਿੱਕੀ ਜਿਹੀ ਪੱਥਰੀ ਬਣ ਗਈ ਸੀ। ਜੋ ਆਪ੍ਰੇਸ਼ਨ ਨਾਲ ਸਹਿਜੇ ਹੀ ਠੀਕ ਹੋ ਜਾਣੀ ਸੀ। ਪਰ ਇਸ ਸਮੱਸਿਆ ਬਾਬਤ ਮਿੰਦੇ ਤੇ ਉਸਦੇ ਪਰਿਵਾਰ ਨੂੰ ਵਧਾ-ਚੜ੍ਹਾ ਕੇ ਦੱਸਣ ਪਿੱਛੇ ਹਸਪਤਾਲ ਦੇ ਡਾਕਟਰਾਂ ਦੀ ਮਿਲੀ-

ਜੁਲੀ ਭੁਗਤ ਸੀ। ਅਸਲ ਉਹ ਹਸਪਤਾਲ ਵਿੱਚ ਮਨੁੱਖੀ ਅੰਗਾਂ ਨੂੰ ਵੇਚਣ ਦਾ ਗੈਰ-ਕਾਨੂੰਨੀ ਕੰਮ ਕਰਦੇ ਸਨ।

ਮਿੰਦੇ ਨੂੰ ਸ਼ੱਕ ਸੀ। ਇਸ ਲਈ ਉਹ ਉਸ ਰਾਤ ਬਿਨ੍ਹਾਂ ਕਿਸੇ ਨੂੰ ਕੁੱਝ ਦੱਸੇ-ਪੁੱਛੇ ਹੀ ਹਸਪਤਾਲ ਚਲਾ ਗਿਆ। ਪਰ ਉਸਦੇ ਕੁੱਝ ਕਰ ਸਕਣ ਤੋਂ ਪਹਿਲਾਂ ਹੀ ਡਾਕਟਰਾਂ ਨੇ ਆਪਣਾ ਕੰਮ ਕਰ ਦਿੱਤਾ। ਉਸ ਰਾਤ ਵਿਚਾਰੀ ਨਿੰਮੋ ਬੜਾ ਵਿਲਕੀ। ਪਰ ਕਿਸੇ ਨੇ ਉਸਦੀ ਖ਼ੈਰ ਨਾ ਪਾਈ।

ਸਭਤੋਂ ਮੰਦਭਾਗਾ ਤਾਂ ਇਹ ਸੀ ਕਿ ਨਿੰਮੋ ਨੂੰ ਕੇਵਲ ਆਪਣਾ ਅੰਗ ਹੀ ਨਹੀਂ, ਸਗੋਂ ਆਪਣੀ ਜਾਨ ਵੀ ਗਵਾਉਣੀ ਪਈ। ਕਿਉਂਜੋ ਡਾਕਟਰਾਂ ਦੀ ਕਾਹਲ਼ ਤੇ ਲਾਪਰਵਾਹੀ ਸਦਕਾ ਨਿੰਮੋ ਦੇ ਸਰੀਰ ਦਾ ਕਾਫੀ ਸਾਰਾ ਖ਼ੂਨ ਵਿਅਰਥ ਚਲਾ ਗਿਆ ਸੀ। ਮਿੰਦੇ ਨੂੰ ਦੇਰ ਇਸ ਲਈ ਹੋਈ ਸੀ ਕਿ ਰਾਹ ਵਿੱਚ ਕੁੱਝ ਗੁੰਡੇ ਵਿਚਾਰੀ ਇੱਕ ਨਾਬਾਲਗ ਨੂੰ ਛੇੜ ਰਹੇ ਸਨ। ਕੁੜੀ ਡਰੀ-ਸਹਿਮੀ ਜਿਹੀਆਂ ਅੱਖਾਂ ਨਾਲ ਆਪਣੇ ਆਲੇ-ਦੁਆਲੇ ਵੇਖ ਰਹੀ ਸੀ। ਪਰ ਕੋਈ ਉਸਨੂੰ ਆਪਣੀ ਮਦਦ ਕਰਨ ਲਈ ਦਿੱਸ ਨਹੀਂ ਸੀ ਰਿਹਾ। ਸ਼ਮਸ਼ਾਨਘਾਟ ਵੰਨੀਂ ਤਾਂ ਉਂਞ ਵੀ ਦੇਰ-ਸਵੇਰ ਸੰਨਾਟਾ ਹੀ ਛਾਇਆ ਰਹਿੰਦੈ। ਫੇਰ ਭਲਾ ਉਸਦੀ ਮਦਦ ਲਈ ਆਉਣਾ ਹੀ ਕੀਹਨੇ ਸੀ।

ਇਸਨੂੰ ਉਸ ਕੁੜੀ ਦੀ ਕਿਸਮਤ ਕਹੋ ਜਾਂ ਮਿੰਦੇ ਨੂੰ ਰੱਬ ਵੱਲੋਂ ਹੋਇਆ ਕੋਈ ਇਸ਼ਾਰਾ ਕਿ ਉਹ ਉਸਦੀ ਮਦਦ ਲਈ ਉੱਥੇ ਪਹੁੰਚ ਗਿਆ।

"ਕੀ ਕਰਦੇ ਓਂ ਓਏ....." ਮਿੰਦੇ ਦੀ ਇੱਕੋ ਬੜ੍ਹਕ ਨਾਲ ਗੁੰਡਿਆਂ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਉਹ ਉੱਥੋਂ ਨੱਸ ਗਏ ਤੇ ਇੱਧਰ ਮਿੰਦੇ ਨੇ ਕੁੜੀ ਦੇ ਸਿਰ ਤੇ ਹੱਥ ਫੇਰਦਿਆਂ ਉਸਨੂੰ ਭੈਣ ਜਿਹਾ ਪਿਆਰ ਕੀਤਾ। ਕੁੜੀ ਨੂੰ ਉਸਦੇ ਘਰ ਛੱਡਣ ਤੋਂ ਲੈ ਕੇ ਵਾਪਸ ਹਸਪਤਾਲ ਮੁੜਨ ਤੱਕ ਮਿੰਦੇ ਨੂੰ ਕਾਫੀ ਵਕਤ ਲੱਗ ਗਿਆ ਸੀ।

ਹਸਪਤਾਲ ਅੰਦਰ.....

ਮਿੰਦੇ ਨੇ ਡਾਕਟਰਾਂ ਨੂੰ ਕਾਲਾ ਕਾਰਾ ਕਰਦਿਆਂ ਵੇਖ ਲਿਆ ਸੀ। ਡਾਕਟਰਾਂ ਨੂੰ ਜਿਵੇਂ ਹੀ ਮਿੰਦੇ ਦੇ ਪੈਰਾਂ ਦੇ ਖੜਾਕ ਤੋਂ ਉਸਦੇ ਦਰਵਾਜ਼ੇ ਓਹਲੇ ਹੋਣ ਦੀ ਭਿਣਕ ਲੱਗੀ, ਉਹਨਾਂ ਮਿੰਦੇ ਨੂੰ ਧਰ ਦਬੋਚਿਆ। ਮਿੰਦੇ ਦੇ ਕੋਈ ਅਜੀਬ ਕਿਸਮ ਦੀ ਦਵਾਈ ਵਾਲਾ ਟੀਕਾ ਲਗਾ ਕੇ ਉਹਨਾਂ ਮਿੰਦੇ ਨੂੰ ਬੇਸੁੱਧ ਕਰ ਛੱਡਿਆ।

ਮਗਰੋਂ....

ਮਿੰਦੇ ਦੇ ਸ਼ੁਦਾਈ ਹੋਣ ਪਿੱਛੇ ਇਸ ਦਵਾਈ ਦਾ ਵੀ ਆਪਣਾ ਯੋਗਦਾਨ ਰਿਹਾ। ਦਵਾਈ ਦੀ ਓਵਰਡੋਜ਼ ਨੇ ਮਿੰਦੇ ਦਾ ਦਿਮਾਗ਼ੀ ਸੰਤੁਲਨ ਖ਼ਰਾਬ ਕਰ ਛੱਡਿਆ। ਮਿੰਦੇ ਨੂੰ ਜੋ ਦੌਰੇ ਪੈਂਦੇ ਸਨ, ਉਹ ਅਸਲ 'ਸਕੀਜ਼ੋਫ਼ਰੇਨੀਆ/ਸ਼ਿਕਜ਼ੋਫ਼ਰੇਨੀਆ' ਕਾਰਨ ਸਨ। ਉੱਤੋਂ ਜਦ ਕਦੇ ਵੀ ਮਿੰਦੇ ਦੀ ਤਬੀਅਤ ਖ਼ਰਾਬ ਹੁੰਦੀ, ਉਸਨੂੰ ਓਸੇ ਹਸਪਤਾਲ ਲਿਜਾਇਆ ਜਾਂਦਾ। ਜਿੱਥੇ ਦੇ ਕਿ ਡਾਕਟਰ ਦਾਅ ਲੱਗਦੇ ਹੀ ਉਸਨੂੰ ਓਸੇ ਦਵਾਈ ਦਾ ਥੋੜ੍ਹਾ-੨ ਡੋਜ਼ ਦਿੰਦੇ ਰਹਿੰਦੇ। ਤਾਂ ਜੋ ਮਿੰਦੇ ਦੀ ਹਾਲਤ

ਵਿੱਚ ਸੁਧਾਰ ਨਾ ਆ ਸਕੇ ਤੇ ਉਸਦੀ ਵਿਗੜੀ ਦਿਮਾਗ਼ੀ ਹਾਲਤ ਓਸੇ ਤਰ੍ਹਾਂ ਹੀ ਬਰਕਰਾਰ ਰਹੇ।

ਵਰਤਮਾਨ....

ਹੁਣ ਜਦੋਂ ਮਿੰਦੇ ਨੂੰ ਕਿਸੇ ਕੁੜੀ ਦੀਆਂ ਹਕੀਕਤ ਵਿੱਚ ਹੀ ਆਵਾਜ਼ਾਂ ਸੁਣਨ ਲੱਗੀਆਂ ਸਨ ਤਾਂ ਉਹ ਓਸੇ ਕਮਰੇ ਮੂਹਰੇ ਜਾ ਖਲੋਤਾ ਸੀ। ਉਸਦੀਆਂ ਅੱਖਾਂ ਸਾਹਵੇਂ ਦੇ ਨਜ਼ਾਰੇ ਨੇ ਉਸਨੂੰ ਸਭ ਕੁੱਝ ਚੇਤੇ ਕਰਵਾ ਦਿੱਤਾ ਸੀ। ਸਭ ਯਾਦ ਆਉਂਦੇ ਹੀ ਮਿੰਦੇ ਨੇ ਬਿਨ੍ਹਾਂ ਵਕਤ ਖੁੰਝਾਇਆ ਹਸਪਤਾਲ ਦੇ ਟੈਲੀਫ਼ੋਨ ਤੋਂ ਆਪਣੇ ਜਿਗਰੀ ਯਾਰ ਰਾਜੂ ਨੂੰ ਫ਼ੋਨ ਕੀਤਾ। ਰਾਜੂ ਦੇ ਪਹੁੰਚਣ ਤੱਕ ਮਿੰਦੇ ਨੇ ਸਾਰੇ ਡਾਕਟਰਾਂ ਨੂੰ ਕਮਰੇ ਅੰਦਰ ਬੰਦ ਕਰ ਛੱਡਿਆ ਸੀ। ਬਾਹਰੋਂ ਕੁੰਡੀ ਲਾ ਕੇ ਜਦ ਮਿੰਦਾ ਹੇਠਾਂ ਪੌੜੀਆਂ ਵੱਲ ਨੂੰ ਉਤਰਿਆ ਤਾਂ ਸਾਹਮਣੇ ਆਪਣੇ ਜਿਗਰੀ ਯਾਰ ਰਾਜੂ ਨੂੰ ਵੇਖ ਕੇ ਜਿਵੇਂ ਉਸਦੇ ਸਾਹ ਵਿੱਚ ਸਾਹ ਆ ਗਏ ਹੋਣ। ਨਹੀਂ ਤਾਂ ਡਰ ਦੇ ਮਾਰੇ ਮਿੰਦੇ ਦਾ ਤਾਂ ਸਾਹ ਨਾਲ ਸਾਹ ਵੀ ਨਹੀਂ ਸੀ ਰਲ਼ ਰਿਹਾ।

ਮਿੰਦੇ ਨੇ ਰਾਜੂ ਨੂੰ ਸਭ ਸੱਚਾਈ ਦੱਸੀ। ਰਾਜੂ ਤੁਰੰਤ ਪਿੰਡ ਵਾਲਿਆਂ ਨੂੰ ਇਕੱਠਾ ਕਰ ਲਿਆਇਆ ਤੇ ਨਾਲ ਹੀ ਉਸਨੇ ਪੁਲਿਸ ਨੂੰ ਵੀ ਫ਼ੋਨ ਕਰ ਦਿੱਤਾ। ਪੁਲਿਸ ਮੁਜ਼ਲਿਮਾਂ ਨੂੰ ਗ੍ਰਿਫ਼ਤਾਰ ਕਰ ਕੇ ਥਾਣੇ ਲੈ ਗਈ। ਬਣਦੀ ਕਾਰਵਾਈ ਕਰਕੇ ਸਾਰੇ ਮੁਜ਼ਲਿਮਾਂ ਨੂੰ ਉਮਰ ਕੈਦ ਦੀ ਸਜ਼ਾ ਹੋਈ। ਮਿੰਦੇ ਨੂੰ ਇਲਾਜ ਲਈ ਸ਼ਹਿਰ ਦੇ ਵੱਡੇ ਹਸਪਤਾਲ ਭੇਜਿਆ ਗਿਆ।

ਰਾਜੂ ਨੂੰ ਇਸ ਗੱਲ ਦੀ ਖੁਸ਼ੀ ਸੀ ਕਿ ਉਸਦੀ ਤਰਤੀਬ ਕੰਮ ਆਈ। ਅਸਲ ਹੋਇਆ ਇਹ ਕਿ ਜਦ ਤੋਂ ਮਿੰਦੇ ਨੂੰ ਦੌਰੇ ਪੈਣ ਲੱਗੇ ਸਨ, ਉਹ ਮਿੰਦੇ ਦੀ ਹਰ ਛੋਟੀ ਤੋਂ ਛੋਟੀ ਹਰਕਤ ਵੀ ਨੋਟ ਕਰਦਾ ਰਿਹਾ ਸੀ। ਜਦ ਵੀ ਮਿੰਦੇ ਨੂੰ ਤਬੀਅਤ ਖ਼ਰਾਬ ਹੋਣ ਤੇ ਹਸਪਤਾਲ ਲਿਆਇਆ ਜਾਂਦਾ ਸੀ, ਰਾਜੂ ਇਹ ਤੱਕ ਵੀ ਨੋਟ ਕਰਦਾ ਸੀ ਕਿ ਉਸਨੂੰ ਕਿਹੜਾ ਟੀਕਾ ਤੇ ਕਿੰਨੇ ਟੀਕੇ ਲਗਾਏ ਜਾ ਰਹੇ। ਰਾਜੂ ਘੱਟ ਪੜ੍ਹਿਆ ਹੋਣ ਕਰਕੇ ਦਵਾਈ ਦਾ ਨਾਂ ਤਾਂ ਯਾਦ ਨਾ ਰੱਖ ਪਾਉਂਦਾ, ਪਰ ਦਵਾਈ ਦੇ ਮੂਹਰਲੇ ਅੱਖਰ ਉਸਨੂੰ ਚੇਤੇ ਰਹਿ ਜਾਂਦੇ। ਫਿਰ ਜਦੋਂ ਦੋ ਵਾਰੀ ਮਿੰਦਾ ਸ਼ਮਸ਼ਾਨਘਾਟ ਕੋਲ ਡਿੱਗਿਆ ਮਿਲਿਆ, ਤਾਂ ਰਾਜੂ ਨੂੰ ਸ਼ੱਕ ਹੋਇਆ ਕਿ ਇਲਾਜ ਦੇ ਬਾਵਜੂਦ ਵੀ ਇਲਾਜ ਦਾ ਕੋਈ ਅਸਰ ਕਿਉਂ ਨਹੀਂ। ਸੋ ਉਸਨੇ ਸੱਚ ਦੀ ਜੜ੍ਹ ਤੱਕ ਅੱਪੜਣ ਲਈ ਮਿੰਦੇ ਨੂੰ ਦਿੱਤੀਆਂ ਜਾਣ ਵਾਲੀਆਂ ਦਵਾਈਆਂ ਦੀ ਲੈਬੋਰਟਰੀ ਜਾਂਚ ਕਰਵਾਈ। ਸੱਚ ਦਾ ਪਰਦਾਫਾਸ਼ ਹੁੰਦੇ ਹੀ ਰਾਜੂ ਨੇ ਆਪਣੀ ਤਰਤੀਬ ਬਨਾਉਣੀ ਸ਼ੁਰੂ ਕਰ ਦਿੱਤੀ। ਉਸਨੇ ਮਿੰਦੇ ਨੂੰ ਦਿੱਤੀਆਂ ਜਾਣ ਵਾਲੀਆਂ ਸਾਰੀਆਂ ਦਵਾਈਆਂ ਬਦਲ ਦਿੱਤੀਆਂ।

ਮਿੰਦੇ ਦੀ ਹਾਲਤ ਵਿੱਚ ਸੁਧਾਰ ਸ਼ੁਰੂ ਤਾਂ ਹੋਇਆ, ਪਰ ਬਹੁਤ ਹੀ ਮੱਧਮ ਰਫ਼ਤਾਰ ਨਾਲ। ਪਹਿਲੀ ਵਾਰ ਮਿੰਦੇ ਦਾ ਸ਼ਮਸ਼ਾਨਘਾਟ ਵੰਨੀਂ ਜਾਣਾ ਤੇ ਮਗਰੋਂ ਉਸਦਾ ਸਭ ਭੁੱਲ ਜਾਣਾ, ਉਸਦੀ ਬਿਮਾਰੀ ਦਾ ਅਸਰ ਸੀ। ਬਾਅਦ ਵਿੱਚ ਉਸਨੂੰ ਕਿਸੇ ਕੁੜੀ ਦੀਆਂ ਚੀਕਾਂ ਸੁਣਾਈ ਦੇਣੀਆਂ, ਇਹ ਉਸਦਾ ਵਹਿਮ ਸੀ ਜੋ ਉਸ ਵੇਲੇ ਤੋਂ ਸ਼ੁਰੂ ਹੋਇਆ ਸੀ, ਜਿਸ ਵੇਲੇ ਤੋਂ ਉਸਨੂੰ ਪਹਿਲੀ ਵਾਰ

ਸ਼ਮਸ਼ਾਨਘਾਟ ਕੋਲ ਡਿੱਗੇ ਪਏ ਨੂੰ ਘਰ ਲਿਆਂਦਾ ਗਿਆ ਸੀ ਤੇ ਘਰ ਉਸਦੇ ਉਪਚਾਰ ਵੇਲੇ ਡਾਕਟਰਾਂ ਵੱਲੋਂ ਉਸਨੂੰ ਓਹੀਓ ਦਵਾਈਆਂ ਦਿੱਤੀਆਂ ਗਈਆਂ ਸਨ, ਜਿਸ ਨਾਲ ਕਿ ਉਸਦਾ ਮਾਨਸਿਕ ਸੰਤੁਲਨ ਖ਼ਰਾਬ ਹੋਵੇ।

ਮਿੰਦੇ ਦੇ ਦੂਜੀ ਵਾਰ ਸ਼ਮਸ਼ਾਨਘਾਟ ਵੰਨੀਂ ਜਾਣ ਤੱਕ ਰਾਜੂ ਨੇ ਉਸਨੂੰ ਦਿੱਤੀਆਂ ਜਾਣ ਵਾਲੀਆਂ ਦਵਾਈਆਂ ਟੈਸਟ ਕਰਵਾ ਲਈਆਂ ਸਨ। ਫਿਰ ਉਹਨਾਂ ਦੀ ਬਦਲੀ ਵੀ ਕਰ ਦਿੱਤੀ ਸੀ। ਇਸ ਦਰਮਿਆਨ ਮਿੰਦੇ ਨੂੰ ਕਈ ਬਾਬਿਆਂ ਤੇ ਡੇਰਿਆਂ ਤੇ ਵੀ ਲਿਜਾਇਆ ਗਿਆ। ਮਿੰਦੇ ਦੀ ਮਾੜੀ-ਮੋਟੀ ਹਾਲਤ ਸੁਧਰਨ ਨੂੰ ਪਿੰਡ ਦੇ ਲੋਕ ਕਿਸੇ ਬਾਬੇ ਦਾ ਕਰਾਮਾਤ ਦੱਸਦੇ। ਇਸ ਤਰ੍ਹਾਂ ਅੰਧ-ਵਿਸ਼ਵਾਸ ਦੇ ਪੱਟੇ ਲੋਕ ਮਿੰਦੇ ਨੂੰ ਨਾਲ ਲਿਜਾਈਂ ਪਤਾ ਨਹੀਂ ਕਿੰਨੇ ਹੀ ਡੇਰਿਆਂ ਤੇ ਭਟਕਦੇ ਰਹੇ।

ਪਰ ਲੋਕਾਂ ਦੇ ਇਸ ਅੰਧ-ਵਿਸ਼ਵਾਸ ਨੇ ਰਾਜੂ ਨੂੰ ਇੱਕ ਮੌਕਾ ਦਿੱਤਾ। ਮੌਕਾ, ਆਪਣੇ ਯਾਰ ਦੀ ਜਾਨ ਬਚਾਉਣ ਦਾ। ਸੋ ਜਦ ਮਿੰਦਾ ਦੂਜੀ ਵਾਰ ਸ਼ਮਸ਼ਾਨਘਾਟ ਵੰਨੀਂ ਗਿਆ ਤਾਂ ਰਾਜੂ ਨੇ ਜਾਣ-ਬੁੱਝ ਕੇ ਉਸਦਾ ਧਿਆਨ ਭਟਕਾਉਣ ਲਈ ਕਿਸੇ ਕੁੜੀ ਵਰਗੀ ਆਵਾਜ਼ ਕੱਢ ਕੇ ਉਸਨੂੰ ਪੁਕਾਰਿਆ। ਇਸ ਮਦਦ ਦੀ ਪੁਕਾਰ ਨੇ ਮਿੰਦੇ ਤੇ ਉਹੋ ਜਿਹਾ ਹੀ ਅਸਰ ਕੀਤਾ, ਜਿਹੋ ਜਿਹਾ ਕਿ ਰਾਜੂ ਚਾਹੁੰਦਾ ਸੀ।

ਜਦ ਮਿੰਦਾ ਆਵਾਜ਼ ਨੂੰ ਲੱਭਣ ਤੁਰਿਆ ਤਾਂ ਓਸੇ ਵਕਤ ਰਾਜੂ ਨੇ ਉਸਦੇ ਸਿਰ ਤੇ ਸੋਟੀ ਦਾ ਵਾਰ ਕਰਕੇ ਉਸਨੂੰ ਭੁੰਜੇ ਗਿਰਾ ਦਿੱਤਾ। ਮਿੰਦੇ ਨੂੰ ਹਸਪਤਾਲ

ਲਿਜਾਣ ਤੋਂ ਪਹਿਲਾਂ ਉਸਨੇ ਮਿੰਦੇ ਦੇ ਹੱਥ ਤੇ ਆਪਣਾ ਫ਼ੋਨ ਨੰਬਰ ਲਿਖ ਦਿੱਤਾ। ਤਾਂ ਜੋ ਸਭ ਯਾਦ ਆਉਂਦੇ ਹੀ ਮਿੰਦਾ ਕੋਈ ਕਾਰਵਾਈ ਕਰਨ ਜੋਗਾ ਹੋ ਜਾਵੇ।

ਇਸਤੋਂ ਪਹਿਲਾਂ ਰਾਜੂ ਨੇ ਆਪਣੀ ਪੜਤਾਲ ਰਾਹੀਂ ਇਹ ਵੀ ਪਤਾ ਕਰ ਲਿਆ ਸੀ ਕਿ ਹਸਪਤਾਲ ਵਿੱਚ ਕੋਈ ਗੈਰ-ਕਾਨੂੰਨੀ ਕੰਮ ਚੱਲ ਰਿਹੈ। ਬੱਸ ਉਸਨੂੰ ਇੰਤਜ਼ਾਰ ਸੀ ਤਾਂ ਇੱਕ ਸਹੀ ਮੌਕੇ ਦਾ। ਇਸ ਤਰ੍ਹਾਂ ਆਪਣੀ ਸੂਝ-ਬੂਝ ਨਾਲ ਰਾਜੂ ਨੇ ਨਾ ਕੇਵਲ ਆਪਣੀ ਯਾਰੀ ਦੀ ਲਾਜ ਰੱਖੀ, ਸਗੋਂ ਕਾਲੇ ਕੰਮ ਕਰਨ ਵਾਲਿਆਂ ਨੂੰ ਰੰਗੇ ਹੱਥੀਂ ਫੜਵਾ ਕੇ ਕਈ ਨਿਰਦੋਸ਼ ਲੋਕਾਂ ਦੀ ਜਾਨ ਵੀ ਬਚਾਈ।

**ਲੇਖਕ-ਸਿਮਰਨ ਲੁਧਿਆਣਵੀ**

simranjeet.dhiman13@gmail.com


Search
Punjabi Library
App Store
App Store Preview
Punjabi Library
Tausif Ul Rahman
Free
ਜੇ ਪੂਰਾ ਕਰਨਾ
ਖ਼ੁਆਬਾਂ ਨੂੰ
ਤਾਂ ਰੱਖਿਓ ਨਾਲ
ਕਿਤਾਬਾਂ ਨੂੰ
ਕਿ= ਕਿਰਦਾਰ
ਤਾ= ਤਾਕਤ
ਬ = ਬਰਾਬਰਤਾ
Painting Courtesy: Gurpreet Artist Bathinda
www.PunjabiLibrary.com
Search
Punjabi Library
Google Play
Android Preview
Punjabi Library - books
Contains Ads
Add to Wishlist
ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com